Vini Mahajan, IAS
ਵਿਨੀ ਮਹਾਜਨ, ਆਈ ਏ ਐਸ
ਪ੍ਰਮੁੱਖ ਸਕੱਤਰ Principal Secretary
ਟੈਲੀ: Telephone No. 0172-2741820 (O)
ਫੈਕਸ Fax 0172-5016221
Email: pshfwpunjab@gmail.com

ਅੰਧ ਸ ਪੱ ਨੰ /D.O.No PS|PSh 10|2015|235

ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ

Government of Punjab,
Department of Health & Family Welfare,
Chandigarh

ਮਿਤੀ Date 5-10-2015

ਵਿਸ਼ਾ :- ਤੰਬਾਕੂ ਕੰਟਰੋਲ ਐਕਟ 2003 ਨੂੰ ਜਿਲ੍ਹਿਆ ਵਿੱਚ ਅਸਰਦਾਰ ਢੰਗ ਨਾਲ ਲਾਗੂ ਕਰਨ ਸਬੰਧੀ।

ਮੈਂ ਆਪ ਜੀ ਦਾ ਧਿਆਨ ਤੰਬਾਕੂ ਕੰਟਰੋਲ ਐਕਟ ਅਤੇ ਫੂਡ ਸੇਫਟੀ ਐਂਡ ਸਟੈਂਡਰਡ ਐਕਟ ਅਧੀਨ ਜਾਰੀ ਕੀਤੇ ਸਰਕੂਲਰ ਮਿਤੀ 12/08/15 ਅਤੇ ਰਾਜ ਵਿੱਚ ਖੁੱਲੇ ਤੰਬਾਕੂ/ਸਿਗਰੇਟ ਤੇ ਪਾਬੰਦੀ ਸਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੰ: 383571/2/3 ਮਿਤੀ 06/01/15 ਵੱਲੋਂ ਦਿਵਾਉਣਾ ਚਾਹੁੰਦੀ ਹਾਂ ਜਿਸ ਰਾਂਹੀ ਲੋਕਲ ਬਾਡੀ, ਐਫ.ਡੀ.ਏ, ਅਤੇ ਪੁਲਿਸ ਵਿਭਾਗ ਵੱਲੋਂ ਉਕਤ ਦਰਸਾਏ ਐਕਟ, ਸਰਕੂਲਰ ਅਤੇ ਨੋਟੀਫਿਕੇਸ਼ਨ ਅਨੁਸਾਰ ਸਬੰਧਤ ਕਾਰਵਾਈ ਕਰਨ ਲਈ ਅਧਿਕਾਰਿਤ ਹਨ। ਖੁੱਲੇ ਤੰਬਾਕੂ ਅਤੇ ਖੁੱਲੀ ਸਿਗਰੇਟ ਤੇ ਪਾਬੰਦੀ ਅਤੇ ਤੰਬਾਕੂ ਕੰਟਰੋਲ ਐਕਟ ਅਧੀਨ ਕਿਸੇ ਵੀ ਤਰ੍ਹਾਂ ਦੀ ਸਿੱਧੇ/ਅਸਿੱਧੇ ਤੌਰ ਦੇ ਮਸਹੂਰੀ ਕਰਨ ਵਾਲਿਆਂ ਵਿਰੁੱਧ ਪ੍ਰੋਟੋਕਾਲ ਅਨੁਸਾਰ ਐਫ.ਆਈ.ਆਰ/ਡੀ.ਡੀ.ਆਰ ਅਤੇ ਸਮਾਨ ਜ਼ਬਤ ਕਰਦੇ ਹੋਏ ਅਦਾਲਤੀ ਚਲਾਨ ਵੀ ਕੀਤਾ ਜਾਂਦਾ ਹੈ। ਉਪਰੋਕਤ ਐਕਟ ਅਤੇ ਇਸ ਦੀਆ ਧਾਰਾਵਾਂ ਨੂੰ ਸਖਤੀ ਨਾਲ ਲਾਗੂ ਕਰਨ ਲਈ ਸਰਕਾਰ ਵੱਲੋਂ ਜਿਲ੍ਹਾ ਟਾਸਕ ਫੋਰਸ ਦਾ ਨੋਟੀਫਿਕੇਸ਼ਨ ਨੰ: 565152/1 ਮਿਤੀ 17/08/15 ਰਾਂਹੀ ਗਠਨ ਕੀਤਾ ਗਿਆ ਹੈ।

ਇਹ ਧਿਆਨ ਵਿਚ ਆਇਆ ਹੈ ਕਿ ਕਈ ਜਿਲ੍ਹਿਆ ਵਿੱਚ ਉਪਰੋਕਤ ਐਕਟ ਦੀ ਉਲੰਘਣਾ ਹੋਣ ਤੇ ਜਿਲ੍ਹਾ ਟਾਸਕ ਫੋਰਸ ਵੱਲੋਂ ਕਾਰਵਾਈ ਕਰਨ ਦੇ ਦੌਰਾਨ ਤੰਬਾਕੂ ਵਿਕਰੇਤਾਵਾ/ ਦੁਕਾਨਦਾਰਾਂ ਅਤੇ ਵਪਾਰ ਮੰਡਲ ਦੇ ਨੁਮਾਇੰਦਿਆ ਵੱਲੋਂ ਟੀਮ ਨੂੰ ਕਾਰਵਾਈ ਕਰਨ ਤੋਂ ਰੋਕਿਆ ਜਾਂਦਾ ਹੈ ਅਤੇ ਕਈ ਜਗ੍ਹਾ ਟਾਸਕ ਫੋਰਸ ਟੀਮ ਦਾ ਘਿਰਾਓ ਵੀ ਕੀਤਾ ਗਿਆ ਹੈ।

ਮੈਂ ਧੰਨਵਾਦੀ ਹੋਵਾਂਗੀ ਜੇਕਰ ਆਪ ਜੀ ਆਪਣਾ ਨਿੱਜੀ ਧਿਆਨ ਦਿੰਦੇ ਹੋਏ ਪੁਲਿਸ ਵਿਭਾਗ ਨੂੰ ਇਸ ਸਬੰਧੀ ਨਿਰਦੇਸ਼ ਜਾਰੀ ਕਰਨ ਦੀ ਕਿਰਪਾਲਤਾ ਕਰੋ ਕਿ ਟਾਸਕ ਫੋਰਸ/ ਸਿਹਤ ਵਿਭਾਗ ਦੀ ਟੀਮ ਜਦੋਂ ਵੀ ਕਿਸੇ ਜਗ੍ਹਾ ਉਪਰੋਕਤ ਐਕਟ ਦੀ ਉਲੰਘਣਾ ਹੋਣ ਤੇ ਕਾਰਵਾਈ ਕਰਨ ਲਈ ਜਾਵੇ ਤਾਂ ਉਸ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ। ਜੇਕਰ ਕੋਈ ਹੰਗਾਮਾ ਜਾ ਟੀਮ ਦੇ ਘਿਰਾਓ ਦੀ ਸਥਿਤੀ ਸਾਹਮਣੇ ਆਉਂਦੀ ਹੈ ਤਾਂ ਸਰਕਾਰੀ ਕੰਮ ਵਿਚ ਵਿਘਨ ਪਾਉਣ ਤੇ ਸੰਬੰਧਤਾ ਵਿਰੁੱਧ ਕਾਨੂੰਨ ਅਨੁਸਾਰ ਤੁਰੰਤ ਪੁਲਿਸ ਵੱਲੋਂ ਕਾਰਵਾਈ ਕੀਤੀ ਜਾਵੇ।

ਹਿਤੂ